**Exam. Code : 121201**
**Subject Code : 3931**

## B.A./B.Sc. 1st Semester (Batch 2023-26) (CBGS)
## PUNJABI (Compulsory)

Time Allowed—3 Hours] [Maximum Marks—100

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

### ਭਾਗ—ੳ

1. ਲੇਖਕ ਦੇ ਜੀਵਨ ਬਾਰੇ ਜਾਣਕਾਰੀ ਦੇ ਕੇ ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਗੱਲਾਂ ਨਾਲ ਕੀ ਪਿਆ ਪਰਚਾਉਂਦਾ ਏਂ ?
ਉਸਦੇ ਪ੍ਰੇਮ ਨੂੰ ਅਸਾਂ ਪਰਤਾ ਲਿਆ ਹੈ।
ਮਾਰੇ ਕੁਬਜਾਂ ਦੀ ਹਿੱਕੇ ਇਹ ਗਿਆਨ ਗੋਲੀ,
ਬੂਹੇ ਵੜਦਿਆਂ ਜਿੰਨ੍ਹੇ ਭਰਮਾ ਲਿਆ ਹੈ।
ਊਧੋ! ਕੋਰੜੂ ਮੋਠ ਵਿੱਚ ਮੋਹ ਪਾ ਕੇ,
ਅਸਾਂ ਆਪਣਾ ਆਪ ਗਵਾ ਲਿਆ ਹੈ।
ਦੁੱਖਾਂ ਪੀ ਲਿਆ ਗਮਾਂ ਨੇ ਖਾ ਲਿਆ ਹੈ,
ਕੁੰਦਨ ਦੇਹੀ ਨੂੰ ਰੋਗ ਜਿਹਾ ਲਾ ਲਿਆ ਹੈ।

Gndupapers.com

ਏਨ੍ਹਾਂ ਤਿਲਾਂ ਵਿੱਚ ਤੇਲ ਹੁਣ ਜਾਪਦਾ ਨਹੀਂ,
ਸਾਰਾ ਹੀਜ ਪਿਆਜ ਮੈਂ ਟੋਹ ਲਿਆ ਹੈ।
ਹੱਛਾ, ਸੁੱਖ! ਜਿੱਥੇ ਜਾਏ ਘੁੱਗ ਵੱਸੇ,
ਸਾਡੇ ਦਿਲੋਂ ਭੀ ਕਿਸੇ ਨੇ ਖੋਹ ਲਿਆ ਹੈ।

2. ਲੇਖਕ ਦੇ ਜੀਵਨ ਬਾਰੇ ਜਾਣਕਾਰੀ ਦੇ ਕੇ ਹੇਠ ਲਿਖੀਆਂ ਕਾਵਿ-ਸਤਰਾਂ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ :

ਬਹੁਤੇ ਦੁੱਖ ਉਹ ਝੱਲਦੇ ਦੇਸ਼ ਬਦਲੇ,
ਬੰਦੇ ਕੌਮ ਦੇ ਜਿਹੜੇ ਦਲੇਰ ਹੁੰਦੇ।
ਇੱਟਾਂ ਓਸੇ ਨੂੰ ਬਹੁਤੀਆਂ ਪੈਂਦੀਆਂ ਨੇ,
ਜਿਹੜੀ ਬੇਰੀ ਦੇ ਨਾਲ ਨੇ ਬੇਰ ਹੁੰਦੇ।
ਕੌਣ ਪੁੱਛਦਾ ਕਾਂਵਾਂ ਤੇ ਗਿੱਦੜਾਂ ਨੂੰ,
ਕੈਦ ਪਿੰਜਰੇ ਬਾਜ਼ ਤੇ ਸ਼ੇਰ ਹੁੰਦੇ।
ਕਤਰੇ ਲਹੂ ਤੇ ਪਾਣੀ ਦੇ ਬੰਦ ਹੋ ਕੇ,
'ਸ਼ਰਫ' ਮੋਤੀ ਤੇ ਮੁਸ਼ਕ ਉਹ ਫੇਰ ਹੁੰਦੇ।

**ਭਾਗ—ਅ**

3. 'ਕੇ. ਐਲ. ਸਹਿਗਲ' ਰੇਖਾ ਚਿੱਤਰ ਦਾ ਵਿਸ਼ਾ-ਵਸਤੂ ਲਿਖੋ

4. 'ਭਾਈ ਸਮੁੰਦ ਸਿੰਘ' ਰੇਖਾ ਚਿੱਤਰ ਵਿੱਚੋਂ ਸਮੁੰਦ ਸਿੰਘ ਦਾ ਕਿਸ ਪ੍ਰਕਾਰ ਦਾ ਨਾਇਕ ਬਿੰਬ ਉਭਰਦਾ ਹੈ, ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

Gndupapers.com

Gndupapers.com

**ਭਾਗ—ੲ**

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਤੇ ਪੈਰ੍ਹਾ ਰਚਨਾ ਕਰੋ :
(ੳ) ਵਾਤਾਵਰਣ ਬਦਲਾਅ
(ਅ) ਕਿਸਾਨ ਕਰਜਾਈ ਕਿਉਂ
(ੲ) ਪੰਜਾਬ ਵਿਚ ਵਪਾਰ।

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

ਮੈਂ ਕੋਸ਼ਿਸ਼ ਕਰ ਰਹੀ ਹਾਂ ਆਪਣੇ ਬਚਪਨ 'ਚ ਜਾ ਕੇ ਉਹ ਵੇਲਾ ਯਾਦ ਕਰਨ ਦਾ, ਜਦੋਂ ਮੈਂ ਸੋਚਿਆ ਹੋਵੇਗਾ ਕਾਸ਼! ਮੈਂ ਮੁੰਡਾ ਹੁੰਦੀ। ਅਨਪੜ੍ਹ ਮਾਂ-ਬਾਪ ਦੀ ਕੁੜੀ ਕਾਂਨਵੇਂਟ ਸਕੂਲ 'ਚ ਪਾ ਦਿੱਤੀ ਗਈ। ਸਫੇਦ ਸ਼ਰਟਾਂ, ਸਫੇਦ ਨਿੱਕਰਾਂ, ਕੁੜੀਆਂ ਦੀਆਂ ਸਕਰਟਾਂ, ਸਟਾਇਲਿਸ਼ ਟਿਫਨ। ਇੰਝ ਲਗਦਾ ਜਿਵੇਂ ਮੈਂ ਪਰੀ ਲੋਕ 'ਚ ਹੋਵਾਂ। ਕਲਾਸ ਵਿੱਚ ਪਹਿਲੇ ਦਿਨ ਹੀ ਇੱਕ ਮੁੰਡੇ ਦਾ ਜਨਮ ਦਿਨ ਸੀ। ਮੈਨੂੰ ਪਤਾ ਨਹੀਂ ਸੀ ਕਿ ਜਨਮ ਦਿਨ ਇੰਝ ਵੀ ਮਨਾਇਆ ਜਾਂਦਾ ਹੈ। ਗੁਪਤਾਂ ਨਾਂ ਦੀ ਮੈਡਮ ਸੀ ਸਾਡੀ ਜਦੋਂ ਉਸ ਨੇ ਮੁੰਡੇ ਨੂੰ ਕੋਲ ਬੁਲਾਇਆ ਤੇ ਉਸ ਦੀ ਗੱਲ ਤੇ ਕਿੱਸ ਕੀਤੀ ਤਾਂ ਮੈਂ ਹੈਰਾਨ ਹੀ ਰਹਿ ਗਈ ਅਤੇ ਅੱਖਾਂ ਅੱਗੇ ਹੱਥ ਰੱਖ ਲਿਆ ਸੀ। ਸਾਰੇ ਬੱਚਿਆਂ ਨੇ ਤਾੜੀਆਂ ਮਾਰੀਆਂ 'ਹੈਪੀ ਬਰਥ ਡੇ' ਦੇ ਸੰਗੀਤ ਨਾਲ ਸਾਰੀ ਕਲਾਸ ਝੂਮ ਉੱਠੀ। ਸਾਰਿਆਂ ਨੂੰ ਏਕਲੇਅਰ ਟਾਫੀਆਂ ਖਾਣ ਨੂੰ ਦਿੱਤੀਆਂ ਗਈਆਂ ਇਹ ਟਾਫੀਆਂ ਉਸ ਵੇਲੇ ਸਭ ਤੋਂ ਮਹਿੰਗੀਆਂ ਟਾਫੀਆਂ ਸਨ। ਉਹ ਟਾਫੀ ਬਚਾ ਕੇ ਮੈਂ ਆਪਣੇ ਘਰ ਲੈ ਆਈ। ਰਾਤ ਨੂੰ ਅਸੀਂ ਸਾਰੇ ਪਰਿਵਾਰ ਨਾਲ ਖਾਣਾ ਖਾਂਦੇ ਸੀ। ਮੈਂ ਸਕੂਲੇ ਮਨਾਏ ਗਏ ਜਨਮ ਦਿਨ ਦੀ ਗੱਲ ਸੁਣਾਉਂਦਿਆਂ ਅਤੇ ਭੈਣਾਂ ਨੂੰ ਚਿੜਾਉਂਦਿਆਂ ਕਿਹਾ ਕਿ ਮੈਂ ਵੀ ਆਪਣਾ ਜਨਮ ਦਿਨ ਮਨਾਵਾਂਗੀ। ਅਜੇ ਮੈਂ ਬੋਲ ਹੀ ਰਹੀ ਸੀ ਕਿ ਪਿਤਾ ਦਾ ਇੱਕ ਜ਼ੋਰ ਦੀ ਥੱਪੜ ਪਿਆ ਤੇ ਨਾਲ ਹੀ ਕੌੜੇ ਸ਼ਬਦਾਂ ਦੀ ਬੌਛਾਰ ਵੀ 'ਕੁੜੀਆਂ ਦਾ ਜਨਮ ਦਿਨ ਅਸੀਂ ਘਰਾਂ

ਚ ਨਹੀਂ ਮਨਾਉਂਦੇ। ਵੱਡੀ ਨੇ ਸਕੂਲ ਚ ਮਨਾਉਣਾ ਹੈ।' ਉਹ ਮੇਰੀ ਜ਼ਿੰਦਗੀ ਦਾ ਪਹਿਲਾ ਦਿਨ ਸੀ ਜਦੋਂ ਮੈਨੂੰ ਅਹਿਸਾਸ ਹੋਇਆ ਕਿ ਕੁੜੀਆਂ ਮੁੰਡਿਆਂ ਤੋਂ ਵੱਖਰੀਆਂ ਹੁੰਦੀਆਂ ਹਨ। ਉਹ ਪਹਿਲਾ ਦਿਨ ਸੀ ਜਦੋਂ ਮੈਨੂੰ ਕੁੜੀ ਹੋਣ ਤੇ ਅਫਸੋਸ ਹੋਇਆ।

**ਪ੍ਰਸ਼ਨ :**

(1) ਲੇਖਕਾ ਦੇ ਮਾਂ ਬਾਪ ਕਿੰਨੇ ਪੜੇ ਲਿਖੇ ਸਨ ?

(2) ਲੇਖਕਾ ਦਾ ਸਕੂਲ ਕਿਹੋ ਜਿਹਾ ਸੀ ਅਤੇ ਉਥੇ ਪਹਿਲੇ ਦਿਨ ਕੀ ਵਾਪਰਿਆ ?

(3) ਲੇਖਕਾ ਨੇ ਘਰ ਆ ਕੇ ਕੀ ਖਾਹਿਸ਼ ਜਾਹਰ ਕੀਤੀ ?

(4) ਲੇਖਕਾ ਦੀ ਰੀਝ ਬਾਰੇ ਉਸਦੇ ਬਾਪ ਦਾ ਕੀ ਪ੍ਰਤੀਕਰਮ ਸੀ ?

(5) ਇਸ ਪੈਰ੍ਹੇ ਦਾ ਕੋਈ ਢੁੱਕਵਾਂ ਸਿਰਲੇਖ ਦਿਓ।

**ਭਾਗ—ਸ**

7. ਪੰਜਾਬੀ ਦੀਆਂ ਕਿਸੇ ਤਿੰਨ ਉੱਪ-ਭਾਸ਼ਾਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦੇ ਕੇ ਇਸ ਦੇ ਟਕਸਾਲੀ ਰੂਪ ਬਾਰੇ ਵੀ ਵਿਚਾਰ ਦਿਓ।

8. ਪੰਜਾਬੀ ਭਾਸ਼ਾ ਦਾ ਨਿਕਾਸ ਅਤੇ ਵਿਕਾਸ ਦੇ ਪੜਾਵਾਂ ਬਾਰੇ ਚਰਚਾ ਕਰੋ।

Gndupapers.com